ਲੀਡ ਦੇ ਅਨੇਕਾਂ ਸਰੋਤ:

ਕੀ ਤੁਹਾਡੇ ਘਰ ਦੇ ਅੰਦਰ ਜਾਂ ਆਲੇ-ਦੁਆਲੇ ਲੀਡ ਹੈ?

ਤੁਸੀਂ ਲੀਡ ਨੂੰ ਦੇਖ ਨਹੀਂ ਸਕਦੇ, ਪਰ ਇਹ ਤੁਹਾਡੇ ਘਰ ਦੇ ਅੰਦਰ ਅਤੇ ਬਾਹਰ ਕਈ ਥਾਵਾਂ 'ਤੇ ਹੋ ਸਕਦੀ ਹੈ। ਲੀਡ ਖ਼ਤਰਨਾਕ ਹੈ ਅਤੇ ਖਾਸ ਤੌਰ 'ਤੇ ਬੱਚਿਆਂ ਲਈ ਨੁਕਸਾਨਦੇਹ ਹੋ ਸਕਦੀ ਹੈ। ਲੀਡ ਜ਼ਹਿਰ ਦਾ ਪ੍ਰਭਾਵ ਉਦੋਂ ਹੁੰਦਾ ਹੈ ਜਦੋਂ ਲੀਡ ਨਿਗਲਿਆ ਜਾਂ ਸਾਹ ਰਾਹੀਂ ਅੰਦਰ ਲਿਆ ਜਾਂਦਾ ਹੈ। ਲੀਡ ਜ਼ਹਿਰ ਤੋਂ ਪ੍ਰਭਾਵਿਤ ਜ਼ਿਆਦਾਤਰ ਬੱਚੇ ਬਿਮਾਰ ਨਹੀਂ ਲੱਗਦੇ ਅਤੇ ਨਾ ਹੀ ਉਹਨਾਂ ਵਿੱਚ ਬੀਮਾਰੀ ਵਰਗੇ ਕੋਈ ਲੱਛਣ ਦਿਖਾਈ ਦਿੰਦੇ ਹਨ।

ਲੀਡ ਇਨ੍ਹਾਂ ਥਾਵਾਂ 'ਤੇ ਮਿਲ ਸਕਦੀ ਹੈ:



ਪੁਰਾਣੇ, ਉੱਤਰਦੇ ਹੋਏ ਪੇਂਟ ਵਿੱਚ



ਰਵਾਇਤੀ ਮੇਕਅਪ ਵਿੱਚ, ਜਿਵੇਂ ਕਿ ਕੋਹਲ, ਸੁਰਮਾ, ਜਾਂ ਸਿੰਦੂਰ

ਘਰ ਦੀ ਧੂੜ ਵਿੱਚ

ਅਜ਼ਾਰਕਨ (azarcon), ਗ੍ਰੇਟਾ (greta) ਜਾਂ ਪੇ-ਲੂ-ਆਹ (pay-loo-ah) ਵਰਗੇ ਇਲਾਜਾਂ ਵਿੱਚ

ਨੰਗੀ ਮਿੱਟੀ ਵਿੱਚ

ਗੋਲੀਆਂ ਅਤੇ ਮੱਛੀ ਫੜਨ ਦੇ ਸਿੰਕਰ ਵਿੱਚ



ਅਮਰੀਕਾ (USA) ਤੋਂ ਬਾਹਰੋਂ ਆਏ ਕੁਝ ਭੋਜਨਾਂ, ਕੈਂਡੀਜ਼ ਅਤੇ ਮਸਾਲਿਆਂ ਵਿੱਚ

ਕੁਝ ਭਾਂਡਿਆਂ ਅਤੇ ਗਮਲਿਆਂ ਵਿੱਚ

ਜੇ ਤੁਸੀਂ ਲੀਡ ਨਾਲ ਕੰਮ ਕਰਦੇ ਹੋ, ਤਾਂ ਇਹ ਤੁਹਾਡੇ ਵਾਲਾਂ, ਚਮੜੀ, ਜੁੱਤੀਆਂ ਅਤੇ ਕੱਪੜਿਆਂ 'ਤੇ

ਏਅਰਪੋਰਟਾਂ ਅਤੇ ਉਦਯੋਗਿਕ ਖੇਤਰਾਂ ਦੇ ਆਲੇ-ਦੁਆਲੇ ਹਵਾ ਪ੍ਰਦੂਸ਼ਣ ਵਿੱਚ



ਕੁਝ ਖਿਡੌਣਿਆਂ ਅਤੇ ਗਹਿਣਿਆਂ ਵਿੱਚ

ਆਪਣੇ ਬੱਚੇ ਨੂੰ ਇਹਨਾਂ ਚੀਜ਼ਾਂ ਤੋਂ ਦੂਰ ਰੱਖੋ ਅਤੇ ਉਹਨਾਂ ਦੇ ਡਾਕਟਰ ਨੂੰ ਲੀਡ ਸੰਬੰਧੀ ਜਾਂਚ ਕਰਵਾਉਣ ਬਾਰੇ ਪੁੱਛੋ। ਤੁਹਾਡਾ ਬੱਚਾ ਲੀਡ ਜ਼ਹਿਰ ਤੋਂ ਸੰਕ੍ਰਮਿਤ ਹੈ ਜਾਂ ਨਹੀਂ, ਇਹ ਜਾਣਨ ਦਾ ਇੱਕੋ ਇੱਕ ਤਰੀਕਾ ਹੈ ਜੋ ਕਿ ਲੀਡ ਸੰਕ੍ਰਮਣ ਸੰਬੰਧੀ ਖੂਨ ਦੀ ਜਾਂਚ ਕਰਵਾਈ ਜਾਵੇ। ਜ਼ਿਆਦਾਤਰ ਬੱਚਿਆਂ ਦੀ ਜਾਂਚ 1 ਅਤੇ 2 ਸਾਲ ਦੀ ਉਮਰ ਵਿੱਚ ਕੀਤੀ ਜਾਂਦੀ ਹੈ ਅਤੇ 2 ਸਾਲ ਤੋਂ ਵੱਧ ਉਮਰ ਦੇ ਕੁਝ ਬੱਚਿਆਂ ਨੂੰ ਵੀ ਜਾਂਚ ਕਰਵਾਉਣ ਦੀ ਲੋੜ ਹੁੰਦੀ ਹੈ।

CDPH
California Department of Public Health

go.cdph.ca.gov/LeadFreeKids

ਏਜੰਸੀ ਦੀ ਵਰਤੋਂ ਲਈ:
ਸੰਪਰਕ ਜਾਣਕਾਰੀ ਇੱਥੇ ਪ੍ਰਾਪਤ ਕਰੋ।

ਅਗਸਤ 2024 · © 2024, ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਪਬਲਿਕ ਹੈਲਥ
(California Department of Public Health)